## ਐਚ.ਆਈ.ਵੀ ਜਾਂਚ ਉਤੇ ਰੋਕ ਲਗਾਉਣਾ

*1431 **ਸਰਦਾਰ ਅਜੀਤ ਇੰਦਰ ਸਿੰਘ ਮੋਫਰ, ਐਮ.ਐਲ.ਏ:-** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰੇ ਦਸੱਣਗੇ ਕਿ:-

ੳ) ਕੀ ਐਚ.ਆਈ.ਵੀ ਅਤੇ ਏਡਜ ਦੇ ਰੋਗ ਪਰਸਪਰ ਸਬੰਧਿਤ ਹਨ ਅਤੇ ਐਚ.ਆਈ.ਵੀ ਅਤੇ ਏਡਜ ਦੇ ਰੋਗਾਂ ਦੀ ਵੱਖ ਵੱਖ ਜਾਂਚ ਕਰਨ ਦੀ ਡਾਕਟਰੀ ਵਿਧੀ ਕੀ ਹੈ;

ਅ) ਕੀ ਇਹ ਠੀਕ ਹੈ ਕਿ ਮਾਹਿਰਾਂ ਦੀ ਰਿਪੋਰਟ/ਰਾਇ ਦੇ ਅਨੁਸਾਰ ਐਚ.ਆਈ.ਵੀ ਇੱਕ ਸੰਕ੍ਰਾਮਕ ਰੋਗ ਨਹੀ ਹੈ, ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਰਾਜ ਵਿਚ ਐਚ.ਆਈ.ਵੀ. ਜਾਂਚ ਉਤੇ ਰੇਕ ਲਗਾਏਗੀ?

## ਸ਼੍ਰੀਮਤੀ ਲਕਸ਼ਮੀ ਕਾਂਤਾ ਚਾਵਲਾ, ਸਿਹਤ ਤੇ ਪਰਿਵਾਰ ਭਲਾਈ ਮੰਤਰੀ

ੳ) ਹਾਂ ਜੀ, ਐਚ.ਆਈ.ਵੀ. ਦੀ ਜਾਂਚ ਖੂਨ ਦੇ ਨਿਮਨ ਟੈਸਟ ਕਰਨ ਨਾਲ ਕੀਤੀ ਜਾ ਸਕਦੀ ਹੈ: 1) ਏਲਾਈਜ਼ਾ ਟੈਸਟ, 2) ਰੈਪਿਡ ਟੈਸਟ, 3) ਵੈਸਟਰਨ ਬਲੋਟ ਟੈਸਟ, 4) ਪੋਲੀਮਰੇਜ਼ ਚੇਨ ਰੀਐਕਸ਼ਨ(ਪੀ.ਸੀ.ਆਰ.) ਨਵਜਾਤ ਬੱਚਿਆਂ ਲਈ ਅਤੇ ਏਡਜ਼ ਦੀ ਜਾਂਚ ਖੂਨ ਵਿੱਚ ਸੀ.ਡੀ.4 ਕੰਣਾਂ ਦੀ ਗਿਣਤੀ ਦਾ ਟੈਸਟ ਕਰਕੇ ਕੀਤੀ ਜਾ ਸਕਦੀ ਹੈ।

ਅ) ਨਹੀਂ ਜੀ, ਐਚ.ਆਈ.ਵੀ. ਇੱਕ ਸਕ੍ਰਾਮਿਕ ਰੋਗ ਹੈ ਅਤੇ ਐਚ.ਆਈ.ਵੀ. ਜਾਂਚ ਉਤੇ ਰੋਕ ਲਗਾਉਣ ਦੀ ਜਰੂਰਤ ਨਹੀਂ ਹੈ।

## SMT. LAXMI KANTA CHAWLA, HEALTH AND FAMILY WELFARE MINISTER,

a) Yes Sir, The medical procedures for diagnosis of HIV by testing of blood are: 1) ELISA Test, 2) RAPID Test 3) Western Blot 4) Polymerase Chain Reaction (PCR) for new born babies and for diagnosis of AIDS, blood is tested for CD4 count in the Blood.

b) No Sir, HIV is an infectious disease and therefore, there is no need to ban HIV testing.